## ਕਰਫਿਊ ਦੌਰਾਨ ਗਰੀਬਾਂ, ਦਿਹਾੜੀਦਾਰਾਂ ਲਈ ਰਾਸ਼ਨ ਦਾਨ ਦੇ ਇਛੁੱਕ ਵਿਅਕਤੀਆਂ ਲਈ ਵੀ ਨੰਬਰ ਜਾਰੀ

**ਜ਼ਿਲ੍ਹਾ ਮੈਜਿਸਟ੍ਰੇਟ ਵੱਲੋ ਅਤੀ ਜਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਰਫਿਊ ਵਿੱਚ ਛੋਟ ਦੇਣ ਦੇ ਆਦੇਸ਼ ਕੀਤੇ ਜਾਰੀ**



### ਆਮ ਜਨਤਾ ਨੂੰ ਸਿਹਤ, ਬਿਜਲੀ ਸੁਵਿਧਾ ਅਤੇ ਰਾਸ਼ਨ ਮੁਹੱਈਆ ਕਰਵਾਉਣ ਲਈ ਸਹਾਇਤਾ ਨੰਬਰ ਜਾਰੀ

*ਮੋਗਾ / 25 ਮਾਰਚ 2020 / ਭਵਨਦੀਪ ਸਿੰਘ ਪੁਰਬਾ*

ਜ਼ਿਲ੍ਹਾ ਮੈਜਿਸਟ੍ਰੇਟ ਮੋਗਾ-ਕਮ-ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਜਾਰੀ ਕੀਤੇ ਗਏ ਕਰਫਿਊ ਦੇ ਹੁਕਮਾਂ ਦੀ ਲਗਾਤਾਰਤਾ ਵਿੱਚ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਕਰਫਿਊ ਦੌਰਾਨ ਆਮ ਜਨਤਾ ਨੂੰ ਸਿਹਤ ਅਤੇ ਰਾਸ਼ਨ ਸਬੰਧੀ ਸਹਾਇਤਾ ਮੁਹੱਈਆ ਕਰਵਾਉਣ ਲਈ ਸਹਾਇਤਾ ਨੰਬਰ ਜਾਰੀ ਕੀਤੇ ਗਏ ਹਨ।

ਉਹਨਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕੇ ਉਹ ਆਪਣੇ ਆਪਣੇ ਘਰਾਂ ਵਿਚ ਹੀ ਰਹਿਣਾ ਯਕੀਨੀ ਬਣਾਉਣ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋਂ ਉਹਨਾਂ ਹਰ ਪ੍ਰਕਾਰ ਦਾ ਜ਼ਰੂਰੀ ਸਮਾਨ ਉਹਨਾਂ ਦੇ ਨੇੜੇ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋ ਇਸ ਕਰਫਿਊ ਦੌਰਾਨ ਗਰੀਬਾਂ, ਦਿਹਾੜੀਦਾਰਾਂ ਲਈ ਰਾਸ਼ਨ ਦਾਨ ਦੇ ਇਛੁੱਕ ਵਿਅਕਤੀਆਂ ਨੂੰ ਡਰਾਈ ਰਾਸ਼ਨ ਜਿਵੇ ਕਿ ਆਟਾ, ਚਾਵਲ, ਦਾਲ, ਖੰਡ, ਚਾਹ ਪੱਤੀ ਅਤੇ ਸਾਬਣ ਆਦਿ ਦਾਨ ਵਜੋ ਮੁਹੱਈਆ ਕਰਵਾਉਣ ਲਈ ਵੀ ਸਹਾਇਤਾ ਨੰਬਰ ਜਾਰੀ ਕੀਤੇ ਗਏ ਹਨ। ਜਿਵੇ ਕਿ ਤਹਿਸੀਲ ਮੋਗਾ ਨਾਲ ਸਬੰਧਤ ਜਨਤਾ ਗੁਰਜੀਤ ਸਿੰਘ 98556-46577, ਤਹਿਸੀਲ ਨਿਹਾਲ ਸਿੰਘ ਵਾਲਾ ਦੇ ਲੋਕ ਸਨਮ ਸੂਦ 88472-74522, ਤਹਿਸੀਲ ਧਰਮਕੋਟ ਦੇ ਵਾਸੀ ਰਾਜਵੰਤ ਸਿੰਘ ਵਾਲੀਆ 98149-71898, ਤਹਿਸੀਲ ਬਾਘਾਪੁਰਾਣਾ ਦੇ ਵਾਸੀ ਚਰਨਜੀਤ ਸਿੰਘ ਦੇ ਮੋਬਾਇਲ ਨੰਬਰ 98554-88235 ਤੇ ਸੰਪਰਕ ਕਰਕੇ ਇਹ ਡਰਾਈ ਰਾਸ਼ਨ ਪ੍ਰਾਪਤ ਕਰ ਸਕਦੇ ਹਨ।

ਕੋਰੋਨਾ ਸਬੰਧੀ ਮੈਡੀਕਲ ਸਹਾਇਤਾ ਲਈ- 104, 01636-220544, ਕਰਫਿਊ ਪਾਸ ਪ੍ਰਾਪਤ ਕਰਨ ਅਤੇ ਇਨ੍ਹਾਂ ਸਬੰਧੀ ਪੁੱਛ ਗਿੱਛ ਲਈ ਸਤਨਾਮ ਸਿੰਘ ਸੀਨੀਅਰ ਸਹਾਇਕ 97813-05051, ਇੰਦਰਜੀਤ ਸਿੰਘ ਕਲਰਕ 98146-65310, ਤਲਵਿੰਦਰ ਸਿੰਘ ਕਲਰਕ 98557-06890 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਿਜਲੀ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਦਮਨਜੀਤ ਸਿੰਘ 96461-14520 ਅਤੇ ਇੰਦਰਜੀਤ ਸਿੰਘ 96461-14581, ਐਕਸੀਅਨ ਮੋਗਾ ਵਿਜੈ ਕੁਮਾਰ 96461-14522, ਭੁਪਿੰਦਰ ਸਿੰਘ ਐਸ.ਡੀ.ਓ. ਮੋਗਾ ਸ਼ਹਿਰੀ 96461-14569, ਜੀਵਨ ਦਾਸ ਐਸ.ਡੀ.ਓ. ਕੋਟ ਈਸੇ ਖਾਂ 96461-14571, ਕੇਵਲ ਸਿੰਘ ਐਸ.ਡੀ.ਓ. ਧਰਮਕੋਟ 96461-14982 ਨਾਲ ਰਾਬਤਾ ਕੀਤਾ ਜਾ ਸਕਦਾ ਹੈ।

ਜਨਰਲ ਕੰਮਾਂ ਲਈ 75270-44478 ਅਤੇ 01636-239911 ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੈਡੀਕਲ ਸਹਾਇਤਾ 97800-01879 ਅਤੇ 97803-03784 ਨੰਬਰਾਂ ਤੋ ਪ੍ਰਾਪਤ ਕੀਤੀ ਜਾ ਸਕਦੀ ਹੈ।

ਕੁਝ ਜਰੂਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਕਰਫਿਊ ਦੇ ਹੁਕਮਾਂ ਤੋ ਛੋਟ ਦਿੱਤੀ ਗਈ ਹੈ, ਤਾਂ ਜੋ ਆਮ ਜਨਤਾ ਨੂੰ ਕੁਝ ਜਰੂਰੀ ਸਹੂਲਤਾਂ ਪ੍ਰਾਪਤ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਜਲੀ ਵਿਭਾਗ, ਬੀ.ਐਸ.ਐਨ.ਐਲ, ਨਗਰ ਨਿਗਮ ਦੇ ਸੈਨੀਟੇਸ਼ਨ ਵਰਕਰਾਂ ਅਤੇ ਵਾਟਰ ਆਰ.ਓ. ਸਟਾਫ, ਨੈਸਲੇ ਡੇਅਰੀ ਮੋਗਾ ਦੇ ਸਟਾਫ ਮੈਬਰ, ਪਾਰਸ ਪ੍ਰਾਈਵੇਟ ਲਿਮੀਟਡ ਖੋਸਾ ਪਾਂਡੋ ਦੇ ਵਰਕਰਾਂ ਨੂੰ ਕਰਫਿਊ ਦੇ ਹੁਕਮਾਂ ਵਿੱਚੋ ਛੋਟ ਦਿੱਤੀ ਗਈ ਹੈ।

## ਬਾਬਾ ਰੁੱਖੜ ਦਾਸ ਕਮੇਟੀ ਦੇ ਸਹਿਯੋਗ ਨਾਲ ਲੋੜਵੰਦ ਪ੍ਰੀਵਾਰਾ ਨੂੰ ਵੰਡਿਆ ਗਿਆ ਰਾਸ਼ਨ

*ਸੇਖਾ ਕਲਾਂ/ 27 ਮਾਰਚ 2020 / ਸ਼ਮਿੰਦਰ ਸਿੰਘ ਸੇਖਾ, ਸਨਦੀਪ ਸਿੰਘ ਸੋਨਾ*



ਕਰੋਨਾ ਵਾਇਰਸ ਨੂੰ ਲੈ ਕੇ ਪੂਰਾ ਭਾਰਤ ਲਾਕਡਾਊਨ ਹੈ ਜਿਸ ਕਾਰਨ ਗਰੀਬ ਪਰਿਵਾਰਾਂ ਦੀਆਂ ਮੁਸਕਲਾਂ ਵੱਧ ਗਈਆਂ ਹਨ। ਕਈ ਪਰਿਵਾਰ ਰੋਜ਼ਾਨਾ ਆਪਣੀ ਮਿਹਨਤ ਮਜ਼ਦੂਰੀ ਕਰਕੇ ਹੀ ਆਪਣੇ ਘਰ ਦਾ ਰਾਸ਼ਨ ਲਿਉਂਦੇ ਸੀ, ਪੰਜਾਬ ਵਿੱਚ ਲੱਗੇ ਕਰਫ਼ਿਊ ਦੋਰਾਨ ਉਨ੍ਹਾਂ ਦੇ ਮਜ਼ਦੂਰੀ ਵਾਲੇ ਕੰਮ ਠੱਪ ਹੋ ਗਏ ਹਨ।

ਇਸੇ ਹਲਾਤ ਨੂੰ ਵੇਖਦੇ ਹੋਏ ਇਸ ਸਮੇਂ ਕਈ ਗਰੀਬ ਪਰਿਵਾਰਾਂ ਦੀ ਮਦਦ ਕਰਦਿਆ ਹੋਈਆਂ ਪਿੰਡ ਸੇਖਾ ਕਲਾਂ ਦੇ ਉਦਮੀ ਨੌਜਵਾਨਾਂ ਵੱਲੋਂ ਬਾਬਾ ਰੁੱਖੜ ਦਾਸ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ।



ਬਾਬਾ ਰੁੱਖੜ ਦਾਸ ਕਮੇਟੀ ਦੇ ਸਹਿਯੋਗ ਨਾਲ ਲੋੜਵੰਦ ਪ੍ਰੀਵਾਰਾ ਨੂੰ ਵੰਡੇ ਗਏ ਇਸ ਰਾਸ਼ਨ ਵਿੱਚ ਆਟਾ, ਦਾਲਾਂ, ਖੰਡ, ਚਾਹ ਪੱਤੀ, ਮਸਾਲੇ, ਆਲੂ, ਪਿਆਜ਼, ਘਿਉ, ਸਰੋਂ ਦਾ ਤੇਲ, ਸਾਬਣ ਆਦਿ ਪਿੰਡ ਸੇਖਾ ਕਲਾਂ ਦੇ 30 ਲੋੜਵੰਦ ਪਰਿਵਾਰਾਂ ਨੂੰ ਵੰਡਿਆ ਗਿਆ।

ਇਸ ਮੌਕੇ ਮਨਪ੍ਰੀਤ ਸਿੰਘ ਮੰਨਾਂ, ਸਿਮਰਤ ਸਿੰਘ ਸੇਖਾ, ਗੁਰਵਿੰਦਰ ਸਿੰਘ ਨੰਬਰਦਾਰ, ਰਾਜੂ ਸ਼ਰਮਾ, ਇੰਦਰਜੀਤ ਸ਼ਰਮਾ ਖਜ਼ਾਨਚੀ, ਗੁਰਦੀਪ ਸਿੰਘ ਸੀਪਾ, ਲੱਭੀ, ਦੀਪੂ, ਸੁਖਪਾਲ ਸਿੰਘ, ਕਾਕਾ ਸਿੰਘ ਪਲੰਬਰ ਆਦਿ ਨੇ ਵਿਸ਼ੇਸ ਸੇਵਾ ਨਿਭਾਈ। **ਫੋਟੋਆ: ਰਾਜ ਸਿੰਘ ਸਿੱਧੂ**

## ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਚੰਦ ਪੁਰਾਣਾ ਵਿਖੇ 350 ਤੋਂ ਵੱਧ ਲੋੜਵੰਦ ਪ੍ਰੀਵਾਰਾ ਨੂੰ ਵੰਡਿਆ ਗਿਆ ਰਾਸ਼ਨ



*ਬਾਘਾ ਪੁਰਾਣਾ/ 31 ਮਾਰਚ 2020 / ਭਵਨਦੀਪ ਸਿੰਘ ਪੁਰਬਾ*

ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਜੋ ਮਨੁੱਖਤਾ ਦੀ ਭਲਾਈ ਦਾ ਕੇਦਰ ਜਾਣਿਆ ਜਾਦਾ ਹੈ। ਉਸ ਵੱਲੋਂ ਹਰ ਸੰਕਟ ਮੌਕੇ ਹਰੇਕ ਪ੍ਰਣੀ ਨੂੰ ਸਹਾਰਾ ਦਿੱਤਾ ਜਾਦਾ ਹੈ।

ਅੱਜ ਦੀ ਇਸ ਸੰਕਟ ਦੀ ਘੜੀ ਵਿੱਚ ਜਦੋਂ ਕਰੋਨਾ ਵਾਈਰਸ ਦੀ ਮਹਾ-ਮਾਰੀ ਫੈਲੀ ਹੋਈ ਹੈ ਇਸ ਮੌਕੇ ਮੁੱਖ ਸੇਵਾਦਾਰ ਉਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲਿਆ ਵੱਲੋਂ ਪੰਜਾਬ ਸਰਕਾਰ ਨੂੰ ਸਮੁੱਚੀ ਬਿਲਡਿੰਗ, ਐਨ.ਆਰ.ਆਈ ਸਰਾਂ ਦੀਆਂ ਸੇਵਾਵਾ ਦੀ ਪੇਸ਼ਕਸ ਵੀ ਕੀਤੀ ਜਾਂ ਚੁੱਕੀ ਹੈ। ਇਸੇ ਤਰ੍ਹਾ ਉਨ੍ਹਾਂ ਨੇ ਲੋੜਵੰਦਾ ਲਈ ਹਮੇਸ਼ਾ ਪਹਿਲਾ ਦੀ ਤਰ੍ਹਾ ਗੁਰੂ ਘਰ ਦੇ ਦਰਵਾਜੇ ਹਮੇਸ਼ਾ ਖੁਲੇ ਰੱਖਣ ਦਾ ਵੀ ਵਿਸ਼ਵਾਸ ਦਿਵਾਇਆ ਹੈ।

ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਦੌਰਾਨ ਗਰੀਬ ਲੋਕਾਂ ਦੇ ਚੁੱਲੇ ਵੀ ਠੰਡੇ ਪੈਣ ਲੱਗ ਪਏ ਸਨ ਅਤੇ ਉਨ੍ਹਾਂ ਦੇ ਜਵਾਕ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਹੋਏ ਪਏ ਸਨ ਉਨ੍ਹਾ ਲੋਕਾਂ ਦੇ ਢਿੱਡ ਭਰਨ ਲਈ ਬਾਬਾ ਗੁਰਦੀਪ ਸਿੰਘ ਵੱਲੋਂ ਝੁੰਗੀ ਝੋਪੜੀ ਵਾਲਿਆਂ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਸੀ।



ਇਸੇ ਕੜੀ ਨੂੰ ਅੱਗੇ ਤੋਰਦਿਆ ਹੁਣ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਸਮੂੰਹ ਸੇਵਾਦਾਰਾ ਦੇ ਸਹਿਯੋਗ ਨਾਲ ਪਿੰਡ ਚੰਦ ਪੁਰਾਣਾ ਵਿਖੇ 350 ਤੋਂ ਵੱਧ ਲੋੜਵੰਦ ਪਰਿਵਾਰਾਂ ਨੂੰ ਘਰ-ਘਰ ਜਾ ਕੇ ਰਾਸ਼ਨ ਦੀਆਂ ਕਿੱਟਾ ਵੰਡੀਆ ਗਈਆ। ਇਸ ਮੌਕੇ ਪਿੰਡ ਦੇ ਸਰਪੰਚ ਸਾਹਿਬ ਅਤੇ ਹੋਰ ਮੋਹਤਬਾਰ ਵਿਅਕਤੀ ਵੀ ਨਾਲ ਹਾਜਰ ਸਨ।

## ਕਰੋਨਾ ਸੰਕਟ ਵਿੱਚ ਫਸੇ ਮਰੀਜਾ ਲਈ ਗੁਰੂ ਘਰ ਦੀ ਰਹਾਇਸੀ ਬਿਲਡਿੰਗ ਦੀਆਂ ਸੇਵਾਵਾ ਲਈ ਤਿਆਰ ਹਾਂ -ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣਾ

### ਇਸ ਅਸਥਾਨ ਵੱਲੋਂ ਹਮੇਸ਼ਾ ਗਰੀਬਾ ਅਤੇ ਲੋੜਵੰਦਾ ਦੀ ਕੀਤੀ ਜਾਦੀ ਹੈ ਮੱਦਦ



*ਮੋਗਾ / 26 ਮਾਰਚ 2020 / ਭਵਨਦੀਪ ਸਿੰਘ ਪੁਰਬਾ*

ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਤੇ ਮਨੁੱਖਤਾ ਦੀ ਭਲਾਈ ਦਾ ਕੇਦਰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਉਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਜਿਥੇਂ ਦੇਸ਼ ਵਿੱਚ ਆਈ ਨਾਮੁਰਾਦ ਭਿਆਨਕ ਬੀਮਾਰੀ ਦੇ ਬਚਾਅ ਲਈ ਸਰਬੱਤ ਦੇ ਭਲੇ ਲਈ ਅਰਦਾਸਾ ਕੀਤੀਆ ਜਾਂ ਰਹੀਆਂ ਹਨ ਉਥੇਂ ਸਮੁੱਚੀਆਂ ਸੰਗਤਾ ਨੂੰ ਵੀ ਬੇਨਤੀ ਹੈ ਕਿ ਆਪਣੇ ਘਰ ਵਿੱਚ ਬੈਠ ਕੇ ਨਾਮ ਸਿਮਰਨ ਅਤੇ ਪ੍ਰਮੇਸ਼ਰ ਅੱਗੇ ਸਰਬੱਤ ਦੇ ਭਲੇ ਵਾਸਤੇ ਸਤਿਗੁਰਾ ਦੇ ਚਰਨਾ ਵਿੱਚ ਅਰਦਾਸ ਕਰਨ ਕਿਉਂਕਿ ਇਸ ਬੀਮਾਰੀ ਨੂੰ ਅਸੀਂ ਇੱਕ ਦੂਜੇ ਤੋਂ ਦੂਰ ਰਹਿ ਕੇ ਹੀ ਖਤਮ ਕਰ ਸਕਦੇ ਹਾਂ।

ਬਾਬਾ ਜੀ ਨੇ ਕਿਹਾ ਕਿ ਸਮੁੱਚਾ ਦੇਸ਼ ਇਸ ਸੰਕਟ ਦੀ ਘੜੀ ਵਿਚੋਂ ਗੁਜਰ ਰਿਹਾ ਹੈ। ਸਮੁੱਚੇ ਦੇਸ ਦਾ ਪ੍ਰਸ਼ਾਸਨ ਅਤੇ ਲੋਕ ਇਸ ਭਿਆਨਕ ਬੀਮਾਰੀ ਨਾਲ ਲੜ ਰਹੇ ਹਨ। ਪ੍ਰਸਾਸਨ ਲੋਕਾਂ ਨੂੰ ਜਾਗਰੁੱਕ ਕਰ ਰਿਹਾ ਹੈ। ਸਾਨੂੰ ਪ੍ਰਸਾਸਨ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ।

ਬਾਬਾ ਜੀ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਅਸੀਂ ਪੰਜਾਬ ਸਰਕਾਰ ਨੂੰ ਵਿਸਵਾਸ ਦਿਵਾਉਦੇ ਹਾਂ ਕਿ ਜੇਕਰ ਗੁਰੂ ਘਰ ਦੀ ਸਮੁੱਚੀ ਬਿਲਡਿੰਗ, ਐਨ.ਆਰ.ਆਈ ਸਰਾਂ ਦੀਆਂ ਸੇਵਾਵਾ ਦੀ ਲੋੜ ਹੈ ਤਾਂ ਕਰੋਨਾ ਸੰਕਟ ਵਿੱਚ ਫਸੇ ਮਰੀਜਾ ਵਾਸਤੇ ਗੁਰੂ ਘਰ ਦੀ ਰਹਾਇਸੀ ਬਿਲਡਿੰਗ ਅਤੇ ਐਨ.ਆਰ.ਆਈ ਸਰਾਂ ਦੀਆਂ ਸੇਵਾਵਾ ਦੇਣ ਲਈ ਅਸੀਂ ਤਿਆਰ ਹਾਂ ਕਿਉਂਕਿ ਗਰੀਬਾ ਅਤੇ ਲੋੜਵੰਦਾ ਲਈ ਹਮੇਸ਼ਾ ਪਹਿਲਾ ਦੀ ਤਰ੍ਹਾ ਗੁਰੂ ਘਰ ਦੇ ਦਰਵਾਜੇ ਹਮੇਸ਼ਾ ਖੁਲੇ ਹਨ ਤੇ ਖੁਲੇ ਰਹਿਣਗੇ। ਇਸੇ ਕਰਕੇ ਇਹ ਅਸਥਾਨ ਮਨੁੱਖਤਾ ਦੀ ਭਲਾਈ ਦਾ ਕੇਦਰ ਜਾਣਿਆ ਜਾਦਾ ਹੈ।

## ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਅਤੇ ਜੱਥੇਦਾਰ ਮਾਹਲਾ ਵੱਲੋਂ ਗਰੀਬ ਲੋਕਾਂ ਨੂੰ ਵੰਡਿਆ ਘਰੇਲੂ ਰਾਸ਼ਨ



*ਬਾਘਾਪੁਰਾਣਾ / 26 ਮਾਰਚ 2020 / ਰਾਜਿੰਦਰ ਸਿੰਘ ਕੋਟਲਾ*

ਕਰੋਨਾ ਨਾਮ ਦੀ ਨਾਮਰਾਦ ਬੀਮਾਰੀ ਵੱਲੋਂ ਵਿਸ਼ਵ ਪੱਧਰ 'ਤੇ ਪੈਰ ਪਸਾਰਨ ਕਰਕੇ ਲੋਕਾਂ ਦੀ ਜਾਨ ਨੂੰ ਸੁਰੱਖਿਅਤ ਰੱਖਣ ਲਇ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਕਰਕੇ ਗਰੀਬ ਲੋਕਾਂ ਦੇ ਚੁੱਲੇ ਵੀ ਠੰਡੇ ਪੈਣ ਲੱਗ ਪਏ ਹਨ ਅਤੇ ਉਨ੍ਹਾਂ ਦੇ ਜਵਾਕ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਹੋਏ ਪਏ ਹਨ ਲੋਕਾਂ ਦੇ ਢਿੱਡ ਭਰਨ ਲਈ ਉੱਘੇ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦਪੁਰਾਣਾ ਨੇ 100 ਪਰਿਵਾਰਾਂ ਨੂੰ ਰਾਸ਼ਨ ਵੰਡਿਆਂ ਅਤੇ ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਨ ਸੁਖਬੀਰ ਸਿੰਜਘ ਬਾਦਲ ਦੇ ਦਿਸ਼ਾਂ- ਨਿਰਦੇਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਮੋਗਾ ਦੇ ਪ੍ਰਧਾਨ ਜੱਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਵੀ ਅਨੇਕਾਂ ਝੁੱਗੀ ਝੋਪੜੀਆਂ ਵਾਲੇ ਅਤੇ ਗਰੀਬ ਬਸਤੀਆਂ ਵਿੱਚ ਜਾ ਕੇ ਰਾਸ਼ਨ ਵੰਡਿਆਂ ਗਿਆ ਅਤੇ ਜਿੱਥੇ ਪੀਣ ਵਾਲੇ ਪਾਣੀ ਦੀ ਲੋੜ ਸੀ ਉੱਥੇ ਪਾਣੀ ਦੇ ਟੈਂਕਰ ਭੇਜੇ ਗਏ, ਜਿੱਥੇ ਗਰੀਬ ਲੋਕਾਂ ਨੇ ਇਨ੍ਹਾਂ ਸਮਾਜ ਸੇਵੀਆਂ ਨੂੰ ਅਸੀਸਾਂ ਦਿੱਤੀਆਂ ਉੱਥੇ ਪ੍ਰਸਾਸ਼ਨ ਨੂੰ ਵਿਸਵਾਸ਼ ਦੁਵਾਈਆ ਕਿ ਉਹ ਸਰਕਾਰ ਵੱਲੋਂ ਲਗਾਏ ਕਰਿਫਊ ਦੀ ਇਨੰ- ਬਿੰਨ ਪਾਲਣਾ ਕਰਨਗੇ ਇਸ ਸਮਾਜ ਸੇਵਾ ਦੀ ਲੋਕਾਂ ਵੱਲੋਂ ਭਰਪੂਰ ਸ਼ਲਾਘਾਂ ਕੀਤੀ ਜਾ ਰਹੀ ਹੈ।

ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀ ਵੀ ਇਨ੍ਹਾਂ ਦੇ ਨਾਲ ਸਨ। ਇਸ ਸਮੇਂ ਕਿਸਾਨ ਯੂਨੀਅਨ ਦੇ ਬੁਲਾਰੇ ਗੁਰਜੀਤ ਸਿੰਘ,ਅਕਾਲੀ ਆਗੂ ਕਾਕਾ ਸਿੰਘ ਚੰਦਪੁਰਾਣਾ,ਬਿੱਟੂ ਸਿੰਘ ਕੇਨੈਡੀਅਨ,ਬਲਦੇਵ ਸਿੰਘ ਪੰਚ ਚੰਦਪੁਰਾਣਾ,ਲਖਵਿੰਦਰ ਸਿੰਘ ਨੰਬਰਦਾਰ ਲੰਗੇਆਣਾ, ਸੀਨੀਅਰ ਅਕਾਲੀ ਆਗੂ ਬਲਤੇਜ ਸਿੰਘ ਲੰਗਿਆਣਾ, ਸ਼ਹਿਰੀ ਪ੍ਰਧਾਨ ਪਵਨ ਢੰਡ, ਪ੍ਰਧਾਨ ਪਵਨ ਗੋਇਲ, ਯੂਥ ਆਗੂ ਜਸਪ੍ਰੀਤ ਸਿੰਘ ਮਾਹਲਾ, ਸਾਬਕਾ ਐਮਸੀ ਨੰਦ ਸਿੰਘ ਬਰਾੜ ਆਦਿ ਹੋਰ ਆਗੂ ਹਾਜਰ ਸਨ।

## ਖੋਸਾ ਕੋਟਲਾ ਦੇ ਨੋਜਵਾਨ ਵਲੋ ਸਾਰੇ ਪਿੰਡ ਨੂੰ ਕੀਤਾ ਸੈਨੀਟਾਈਜਰ

*ਮੋਗਾ / 01 ਅਪ੍ਰੈਲ 2020/ ਇਕਬਾਲ ਖੋਸਾ*



ਪੁਰੀ ਦੁਨੀਆ ਵਿੱਚ ਕਰੋਨਾ ਵਾਇਰਸ ਦਾ ਕਰੋਪ ਹੈ। ਭਾਰਤ ਵਿੱਚ ਸੁਰੱਖਿਆ ਦੇ ਪ੍ਰਬੰਧਾ ਨੂੰ ਵੇਖ ਦੇ ਹੋਏ ਪੁਰੇ ਭਾਰਤ ਵਿੱਚ ਲਾਕਡਾਉਣ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਕਰੜੇ ਪ੍ਰਬੰਧ ਕੀਤੇ ਹੋਏ ਨੇ। ਸਾਰੇ ਪਿੰਡਾਂ ਅਤੇ ਸਹਿਰਾ ਵਿਚ ਲਾਕਡਾਉਣ ਚਲ ਰਿਹਾ ਹੈ। ਸਮਾਜ ਸੇਵਾ ਦਾ ਕੰਮ ਕਰਨ ਵਾਲੀਆ ਸੰਸਥਾ ਦੇ ਨੋਜਵਾਨਾ ਵਲੋ ਆਪਣੇ ਆਪਣੇ ਪਿੰਡਾ ਨੂੰ ਸੁਰੱਖਿਆ ਰੱਖਣ ਲਈ ਪ੍ਰਸਾਸਨ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਵੱਖ ਵੱਖ ਸੰਸਥਾ ਤੇ ਕੱਲਬਾ ਵਲੋ ਪਿੰਡਾ ਵਿੱਚ ਲੰਗਰ ਅਤੇ ਸੈਨੀਟਾਈਜਰ ਦੀਆ ਸਪਰੇਆ ਕੀਤਾ ਜਾ ਰਹੀਆ।



ਇਸੇ ਤਰ੍ਹਾਂ ਮੋਗਾ ਜਿਲ੍ਹੇ ਦੇ ਪਿੰਡ ਖੋਸਾ ਕੋਟਲਾ ਦੇ ਬਾਬਾ ਜੀਵਨ ਸਿੰਘ ਕਲੱਬ ਦੇ ਨੋਜਵਾਨਾਂ ਵਲੋ ਸਾਰੇ ਪਿੰਡ ਨੂੰ ਟਰੈਕਟਰ ਵਾਲੀ ਸਪਰੇਅ ਟੈਕੀ ਨਾਲ ਸੈਨੀਟਾਈਜਰ ਕੀਤਾ ਗਿਆ। ਇਹ ਨੋਜਵਾਨ ਸਾਰੇ ਆਮ ਘਰਾ ਨਾਲ ਸਬੰਧ ਰੱਖਣ ਵਾਲੇ ਜਿਨ੍ਹਾਂ ਨੇ ਬਾਬਾ ਬੁੱਗਾ ਸਿੰਘ, ਰੇਸਮ ਸਿੰਘ ਦੀ ਅਗਵਾਈ ਵਿੱਚ ਆਪਣੇ ਕੋਲੋ ਪੈਸੇ ਇਕੱਠੇ ਕਰਕੇ ਇਹ ਸੇਵਾ ਦਾ ਕਾਰਜ ਕੀਤਾ। ਜੋ ਕਿ ਸਲਾਘਾ ਯੋਗ ਹੈ। ਇਸ ਸੇਵਾ ਵਿੱਚ ਹੋਰਾ ਤੋ ਇਲਾਵਾ ਜਗਤਾਰ ਸਿੰਘ, ਰਾਜੂ ਮੈਬਰ, ਜਗਰੂਪ ਸਿੰਘ ਰੂਪਾ, ਸੋਨੂੰ ਖੋਸਾ, ਸਤਵੀਰ, ਲਾਡੀ, ਨਿਮਾ, ਗੁਰਪ੍ਰਤਾਪ ਸਿੰਘ, ਬਲਜੀਤ ਸਿੰਘ, ਨਿਰਮਲ ਸਿੰਘ ਨੰਬਰਦਾਰ, ਦਿਲਜੀਤ ਸਿੰਘ ਸਕੱਦਰ ਸਿੰਘ ਕਾਲੀ, ਜੱਸਾ ਸਿੰਘ ਆਦਿ ਨੇ ਇਹ ਸੇਵਾ ਨਿਭਾਈ।

## ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਿਆ ਵਲੋ ਗਰੀਬ ਪਰਿਵਾਰਾ ਨੂੰ ਰਾਸ਼ਨ ਮੁਹਾਈਆ ਕਰਵਾਇਆ ਜਾਵੇਗਾ

*ਮੋਗਾ / 26 ਮਾਰਚ 2020 / ਇਕਬਾਲ ਸਿੰਘ ਖੋਸਾ*



ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਿਆਂ ਵਾਲਿਆਂ ਵਲੋ ਸੰਗਤਾ ਦੁਆਰਾ ਚਲਾਈ ਜਾ ਰਹੀ ਸੰਸਥਾ ਗੁਰੂ ਸਾਹਿਬ ਚੈਰੀਟੇਬਲ ਸੁਸਾਇਟੀ ਵਲੋ ਇਲਾਕੇ ਦੀਆ ਸੰਗਤਾਂ ਦੇ ਸਹਿਯੋਗ ਨਾਲ ਕਰੋਨਾ ਵਾਇਰਸ ਕਾਰਨ ਪ੍ਰਭਾਵਿਤ ਜਿਲ੍ਹਾ ਮੋਗਾ ਦੇ ਲੋੜਵੰਦ ਪਰਿਵਾਰ ਨੂੰ ਰਾਸ਼ਨ ਮੁਹਾਈਆ ਕਰਵਾਇਆ ਜਾਵੇਗਾ। ਇਸ ਕਾਰਜ ਨੂੰ ਨੇਪੜੇ ਚਾੜਣ ਲਈ ਪੈਕਿੰਗ ਦਾ ਕੰਮ ਸ਼ੁਰੂ ਹੋ ਗਿਆ ਹੈ

## ਉਘੇ ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਿਆ ਵਾਲਿਆ ਵਲੋ ਲੋੜਵੰਦਾਂ ਨੂੰ ਰਾਸਨ ਵੰਡਿਆ



### ਮੋਗਾ ਸਹਿਰ ਦੀਆ ਗਰੀਬ ਬਸਤੀਆ ਵਿੱਚ ਰੱਬ ਬਨ ਬੌੜੇ ਸੰਤ ਬਾਬਾ ਗੁਰਮੀਤ ਸਿੰਘ ਜੀ

*ਮੋਗਾ / 28 ਮਾਰਚ 2020/ ਇਕਬਾਲ ਸਿੰਘ ਖੋਸਾ*

ਜਿਥੇ ਸਾਰੀ ਦੁਨੀਆ ਕਰੋਨਾ ਮਹਾਮਾਰੀ ਦੀ ਭਿਆਨਕ ਲਪੇਟ ਵਿੱਚ ਆਈ ਹੋਈ ਹੈ ਉਥੇ ਪੁਰੇ ਭਾਰਤ ਵਿੱਚ ਲੋਕਡਾਉਣ ਕੀਤਾ ਗਿਆ ਹੈ ਤੇ ਕਰਫਿਊ ਦੇ ਕਰਨ ਲੋਕ ਆਪਣੇ ਘਰਾ ਵਿੱਚ ਕੈਦ ਹੋਣ ਲਈ ਮਜਬੂਰ ਹਨ। ਇਸ ਦੌਰਾਣ ਜੋ ਗਰੀਬ ਲੋਕ ਹਰ ਰੋਜ ਦਿਆੜੀਆ ਕਰਕੇ, ਰਿਕਸੇ ਚਲਾ ਕੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਸੀ। ਅੱਜ ਉਹ ਲੋਕ ਦੋ ਟੁੱਕ ਰੋਟੀ ਨੂੰ ਤਰਸ ਗਏ ਸਨ। ਇਸ ਸਮੇ ਉਨਾਂ ਗਰੀਬਾ ਲਈ ਰੱਬ ਬਨਕੇ ਬੋੜੇ ਉਘੇ ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ।



ਬਾਬਾ ਜੀ ਵਲੋ ਸਮਾਜ ਸੇਵਾ ਲਈ ਚਲਾਈ ਜਾ ਰਹੀ ਸੰਸਥਾ (ਗੁਰੂ ਸਹਿਬ ਚੈਰੀਟੇਬਲ ਸੁਸਾਇਟੀ) ਤੇ ਇਲਾਕੇ ਦੀਆ ਸੰਗਤਾ ਦੇ ਸਹਿਯੋਗ ਨਾਲ ਗਰੀਬ ਪਰਿਵਾਰਾਂ ਨੂੰ ਇਕ ਇਕ ਹਫਤੇ ਦਾ ਰਾਸਨ ਵੰਡਿਆ ਗਿਆ, ਜਿਸ ਦੀ ਪੁਰੀ ਇਕ ਕਿਟ ਤਿਆਰ ਕੀਤੀ ਜਿਸ ਵਿੱਚ ਆਟਾ, ਦਾਲਾਂ, ਖੰਡ, ਚਾਹ, ਘਿਉ, ਲੂਨ ਮਿਰਚਾ ਆਦਿ ਸਾਰਾ ਰਸੋਈ ਦਾ ਸਮਾਨ ਸਾਮਲ ਕਰਕੇ ਪ੍ਰਸਾਸਨ ਦੇ ਸਹਿਯੋਗ ਅਤੇ ਪੁਰੇ ਖਿਆਲ ਨਾਲ ਕਰੋਨਾ ਵਾਇਰਸ ਤੇ ਬਚਣ ਦੀਆ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਮੋਗਾ ਸਹਿਰ ਵਿੱਚ ਸਾਧਾ ਵਾਲੀ ਬਸਤੀ, ਲਾਲ ਸਿੰਘ ਰੋੜ, ਨਿਗਾਹਾਂ ਰੋੜ, ਚੜਿੱਕ ਰੋੜ, ਗੋਧੇਵਾਲਾ ਬੰਸਤੀ, ਮੋਹਨ ਸਿੰਘ ਬਸਤੀ, ਸੜਕ ਬਨਾਉਣ ਦਾ ਕੰਮ ਕਰਨ ਵਾਲੇ ਲੋਕ, ਪਿੰਡਾ ਵਿੱਚ ਖੋਸਾ ਕੋਟਲਾ, ਖੋਸਾ ਰਣਧੀਰ, ਖੋਸਾ ਪਾਡੋ, ਸਾਰੇ ਨਗਰਾ ਵਿੱਚ ਰਾਸਨ ਦੀ ਵੰਡ ਕੀਤੀ ਗਈ।



ਇਸ ਸਮੇ ਸੇਵਾਦਾਰ ਨੂੰ ਮਾਨਯੋਗ ਡੀ ਸੀ ਸਹਿਬ ਦਫਤਰ ਤੋ ਪਾਸ ਜਾਰੀ ਕੀਤੇ ਗਏ। ਰਾਸਨ ਵੰਡਣ ਵਾਲੇ ਸੇਵਾਦਾਰਾਂ ਦੀ ਅਗਵਾਈ ਨਿਰਮਲ ਸਿੰਘ ਕਲੇਰ ਪ੍ਰਧਾਨ ਟੂਰਨਾਮੈਂਟ ਕਮੇਟੀ ਅਤੇ ਸਤਿਨਾਮ ਸਿੰਘ ਨੇ ਕੀਤੀ, ਉਨ੍ਹਾਂ ਨਾਲ ਸ. ਪਲਵਿੰਦਰ ਸਿੰਘ ਕੋਚ, ਹਰਜੀਤ ਸਿੰਘ ਕੋਚ, ਅਮੋਲ ਫੁੱਟਬਾਲ ਅਕੈਡਮੀ ਖੋਸਾ ਕੋਟਲਾ, ਬਾਬਾ ਜਰਨੈਲ ਸਿੰਘ ਜੀ, ਕਲਜੀਤ ਸਿੰਘ ਕਲਜੀਤਾ, ਜੱਗਾ, ਤੇਜੀ, ਰਮਨਾ, ਰਾਜੀ ਬਾਈ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਆਦਿ ਹਾਜਰ ਸਨ।

ਬਾਬਾ ਜੀ ਵਲੋ ਚਲਾਈ ਗਈ ਰਾਸਨ ਦੀ ਇਹ ਸੇਵਾ ਕਰਫਿਊ ਰਹਿਣ ਤੱਕ ਚਲਦੀ ਰਹੇਗੀ

## ਬਾਘਾਪੁਰਾਣਾ ਦੇ ਸਵੈ ਸਹਾਇਤਾ ਗਰੁੱਪ ਵੱਲੋ ਬਣਾਏ ਜਾ ਰਹੇ ਹਨ 500 ਮਾਸਕ

### ਵਿਧਾਇਕ ਡਾ. ਹਰਜੋਤ ਕਮਲ ਵੱਲੋ ਲੋੜਵੰਦਾਂ ਨੂੰ ਰਾਸ਼ਨ ਦੀ ਕੀਤੀ ਗਈ ਵੰਡੀ

*ਮੋਗਾ / 01 ਅਪ੍ਰੈਲ 2020/ ਭਵਨਦੀਪ ਸਿੰਘ ਪੁਰਬਾ, ਇਕਬਾਲ ਖੋਸਾ*



ਪੰਜਾਬ ਸਰਕਾਰ ਵੱਲੋ ਕਰੋਨਾ ਵਾਈਰਸ ਮਹਾਂਮਾਰੀ ਤੋ ਪੈਦਾ ਹੋਈਆਂ ਵੱਖ-ਵੱਖ ਮੁਸ਼ਕਿਲਾਂ ਦਾ ਯਤਨਸ਼ੀਲ ਹੈ ਇਸ ਤਹਿਤ ਪਿੰਡ ਨੱਥੂਵਾਲਾ ਗਰਬੀ (ਬਾਘਾਪੁਰਾਣਾ) ਦੇ ਸਵੈ ਸਹਾਇਤਾ ਗਰੁੱਪ ਹੇਠ ਕੰਮ ਕਰਦੀਆਂ ਮਹਿਲਾਵਾਂ ਵੱਲੋ 500 ਮਾਸਕ ਬਣਾਏ ਜਾ ਰਹੇ ਹਨ।
ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਮਿਤ ਕੁਮਾਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਪੇਡੂ ਵਿਕਾਸ ਮਿਸ਼ਨ ਤਹਿਤ ਜਿਲ੍ਹਾ ਮੋਗਾ ਵੱਲੋ ਕੁੱਲ 2000 ਮਾਸਕ ਬਣਾਏ ਜਾਣੇ ਹਨ। ਇਸ ਤਹਿਤ ਬਾਘਾਪੁਰਾਣਾ ਦੇ ਗਰੁੱਪ ਵੱਲੋ ਪਿੰਡ ਨੱਥੂਵਾਲਾ ਗਰਬੀ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਾਲਾ ਵਿਖੇ 500 ਮਾਸਕ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਸਕ ਬਣਾਉਣ ਦੀ ਪ੍ਰਕਿਰਿਆ ਤੋ ਬਾਅਦ ਤਿਆਰ ਹੋਏ ਮਾਸਕਾਂ ਨੂੰ ਸਿਵਲ ਹਸਪਤਾਲ ਮੋਗਾ ਵਿਖੇ ਸੈਨੇਟਾਈਜ਼ ਕਰਵਾਉਣ ਲਈ ਭੇਜਿਆ ਜਾਵੇਗਾ। ਉਸ ਤੋ ਬਾਅਦ ਇਹ ਮਾਸਕ ਦਫ਼ਤਰ ਡਿਪਟੀ ਕਮਿਸ਼ਨਰ ਮੋਗਾ ਵਿਖੇ ਅਗਲੇਰੀ ਕਾਰਵਾਈ ਹਿੱਤ ਜਮ੍ਹਾਂ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਕੰਮ ਨਾਲ ਗਰੀਬ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਵੀ ਆਰਥਿਕ ਤੌਰ ਤੇ ਫਾਇਦਾ ਹੋਵੇਗਾ।
ਇਸ ਮੁਸੀਬਤ ਦੀ ਘੜੀ ਵਿੱਚ ਆਮ ਲੋਕਾਂ ਨੂੰ ਰਾਹਤ ਦਿੰਦਿਆਂ ਮੋਗਾ ਵਿਧਾਇਕ ਸ੍ਰੀ ਹਰਜੋਤ ਕਮਲ ਵੱਲੋ ਸਥਾਨਕ ਮੰਡੀ ਵਿੱਚ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵੱਲੋ ਵਾਰਡ ਨੰਬਰ 27, 43, 5, 19, 49 ਅਤੇ 50 ਵਿਖੇ ਕਰੀਬ 700 ਘਰਾਂ ਵਿੱਚ ਰਾਸ਼ਨ ਵੰਡਿਆ ਗਿਆ। ਸਰਕਾਰ ਵੱਲੋ ਵੰਡੇ ਗਏ ਰਾਸ਼ਨ ਵਿੱਚ 10 ਕਿੱਲੋ ਆਟਾ, 2 ਕਿੱਲੋ ਖੰਡ ਅਤੇ 2 ਕਿੱਲੋ ਚਨੇ ਦੀ ਦਾਲ ਸ਼ਾਮਿਲ ਸੀ।
ਇਸੇ ਤਰ੍ਹਾਂ ਇਸੇ ਤਰ੍ਹਾਂ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰ ਵੱਲੋ ਭੇਜੀ ਕੈਮੀਕਲ ਸੋਡੀਅਮ ਹਾਈਪੋਲੋਰਾਈਟ ਬਲਾਕ ਮੋਗਾ-2 ਦੇ 43 ਪਿੰਡਾ ਵਿੱਚ ਵੰਡੀ ਗਈ। ਇਸ ਕੈਮੀਕਲ ਨਾਲ ਸਮੂਹ ਪੰਚਾਇਤਾਂ ਵੱਲੋ ਲੋਕਾਂ ਦੇ ਬਚਾਅ ਨੂੰ ਮੁਖ਼ੱਖ ਰੱਖਦੇ ਹੋਏ ਪਿੰਡਾ ਵਿੱਚ ਛਿੜਕਾਅ ਕੀਤਾ ਗਿਆ। ਸਰਕਾਰੀ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਬੀ.ਡੀ.ਪੀ.ਓ. ਸ੍ਰੀ ਰਾਜਵਿੰਦਰ ਸਿੰਘ ਵੱਲੋ ਬਤੌਰ ਸੈਕਟਰ ਅਫਸਰ 073 ਮੋਗਾ ਹੋਣ ਦੇ ਨਾਤੇ ਪਿੰਡਾਂ ਵਿੱਚ ਬਾਹਰੋ ਆਏ ਐਨ.ਆਰ.ਆਈ. ਲੋਕਾਂ ਨੂੰ ਘਰ ਘਰ ਜਾ ਕੇ ਵੈਰੀਫਾਈ ਕੀਤਾ ਗਿਆ ਤਾਂ ਜੋ ਆਮ ਲੋਕਾਂ ਨੂੰ ਇਨ੍ਹਾਂ ਬਾਹਰੋ ਆਏ ਲੋਕਾਂ ਦੇ ਸੰਪਰਕ ਵਿੱਚ ਨਾ ਆਉਣ ਦਿੱਤਾ ਜਾਵੇ ਇਸ ਤੇ ਚਲਦੇ ਪਿੰਡਾਂ ਵਿੱਚ ਜੋ ਦਿਹਾੜੀਦਾਰ, ਗਰੀਬ ਤਬਕੇ ਦੇ ਲੋਕ ਸਨ ਇਨ੍ਹਾਂ ਨੂੰ ਸਰਕਾਰ ਵੱਲੋ ਦਿੱਤਾ ਗਿਆ ਰਾਸ਼ਨ ਵੀ ਵੰਡਿਆ ਗਿਆ।
ਬਲਾਕ ਮੋਗਾ-1 ਦੇ 50 ਪਿੰਡਾਂ ਦੇ ਸਰਪੰਚਾਂ ਨੂੰ ਲੋਕਾਂ ਦੇ ਬਚਾਅ ਨੂੰ ਮੁੱਖ ਰੱਖਦੇ ਹੋਏ ਪਿੰਡਾਂ ਵਿੱਚ ਛਿੜਕਾਅ ਕਰਨ ਲਈ ਕਿਹਾ ਗਿਆ। ਬੀ.ਡੀ.ਪੀ.ਓ. ਸ੍ਰੀ ਚੰਦ ਸਿੰਘ ਵੱਲੋ ਪਿੰਡਾਂ ਵਿੱਚ ਬਾਹਰੋ ਆਏ ਐਨ.ਆਰ.ਆਈ. ਲੋਕਾਂ ਦੀ ਵੈਰੀਫਿਕੇਸ਼ਨ ਪੰਚਾਇਤ ਸਕੱਤਰਾਂ ਤੋ ਕਰਵਾਈ ਗਈ ਅਤੇ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਸੰਪਰਕ ਵਿੱਚ ਨਾ ਆਉਣ ਸਬੰਧੀ ਜਾਗਰੂਕ ਕੀਤਾ ਗਿਆ। ਬਲਾਕ ਮੋਗਾ ਦੇ ਅਧੀਨ ਆਉਦੀਆਂ ਸਮੂਹ ਪੰਚਾਇਤਾਂ ਦੇ ਸਰਪੰਚਾਂ ਵੱਲੋ ਪਿੰਡਾਂ ਵਿੱਚ ਆਵਾਜਾਈ ਨੂੰ ਵੀ ਬੰਦ ਕੀਤਾ ਗਿਆ (ਜਿਵੇ ਕਿ ਪਿੰਡ ਚੂਹੜਚੱਕ) ਤਾਂ ਜੋ ਪਿੰਡ ਵਿੱਚ ਕੋਈ ਵੀ ਵਿਅਕਤੀ ਬਾਹਰੋ ਨਾ ਆ ਸਕੇ। ਇਸ ਨਾਲ ਹੀ ਬਲਾਕ ਮੋਗਾ-1 ਵਿੱਚ ਪੰਚਾਇਤਾ ਅਤੇ ਲੋਕਾਂ ਵੱਲੋ ਪਿੰਡ ਚੋਗਾਵਾਂ, ਰਾਮੂੰਵਾਲਾ, ਹਰਚੋਕਾ ਆਦਿ ਵਿਖੇ ਗਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ।
ਬੀ.ਡੀ.ਪੀ.ਓ. ਬਲਾਕ ਨਿਹਾਲ ਸਿੰਘ ਵਾਲਾ ਸ੍ਰੀ ਕਿਰਪਾਲ ਸਿੰਘ ਵੱਲੋ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਤੋ ਇਲਾਵਾਬਲਾਕ ਨਿਹਾਲ ਸਿੰਘ ਵਾਲਾ ਵਿਖੇ ਆਉਦੀਆਂ ਪੰਚਾਇਤਾਂ ਵਿੱਚ ਵਿਦੇਸ਼ਾਂ ਤੋ ਆਏ ਵਿਅਕਤੀਆਂ ਦੇ ਘਰ ਦੇ ਬਾਹਰ ਸਰਕਾਰ ਵੱਲੋ ਭੇਜੇ ਗਏ ਸਟਿੱਕਰ ਲਗਾਏ ਗਏ ਅਤੇ ਉਨ੍ਹਾਂ ਪਰਿਵਾਰਾਂ ਨੂੰ 14 ਦਿਨ ਤੱਕ ਆਪਣੇ ਘਰ ਦੇ ਅੰਦਰ ਇਕਾਂਤਵਾਸ ਵਿੱਚ ਰਹਿਣ ਲਈ ਕਿਹਾ ਗਿਆ।

**ਸੱਤ ਸਮੁੰਦਰੋਂ ਪਾਰ ਵਾਪਰਦੀਆਂ ਘਟਨਾਵਾਂ ਅਤੇ ਅੱਜ ਦੇ ਹਲਾਤਾ ਦੀ ਪਲ-ਪਲ ਦੀ ਜਾਣਕਾਰੀ ਲਈ 'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ ਅਖਬਾਰ ਦੀ ਵੈਬਸਾਈਟ ਤੇ ਕਲਿੱਕ ਕਰੋ ਜੀ!**

**www.mehakwatandilive.com**